# Similarities between Sikhism and Buddhism

## ਸਿਖ ਅਤੇ ਬੁਧ ਧਰਮ ਦੀ ਸਾਂਝ

ਬੁਧ ਧਰਮ ਨੂੰ ਨਾਸਤਿਕ ਪਰੰਪਰਾ ਦਾ ਧਰਮ ਮੰਨਿਆ ਜਾਂਦਾ ਹੈ, ਕਿਉਂਕਿ ਬੁਧ ਮਤ ਦਾ ਸਾਹਿਤ ਪਰਮਾਤਮਾ ਦੇ ਵਿਸ਼ੇ ਤੇ ਕੁਝ ਵੀ ਨਹੀਂ ਕਹਿੰਦਾ। ਇਸ ਤੋਂ ਉਲਟ, ਸਿਖ ਧਰਮ ਦਾ ਕੇਂਦਰੀ ਧੁਰਾ ਹੀ ਪਰਮਾਤਮਾ ਅਤੇ ਉਸ ਵਿਚ ਅਟਲ ਵਿਸ਼ਵਾਸ ਹੈ। ਸਿਖ ਧਰਮ ਵਿਚ ਨਾਮ ਜਪਣਾ ਅਤੇ ਨਾਮ ਦੇ ਰੰਗ ਵਿਚ ਰੱਤੇ ਹੋਇਆਂ ਦੀ ਸੰਗਤਿ ਕੇਂਦਰੀ ਧੁਰਾ ਹਨ। ਪਰ ਬੁਧ ਧਰਮ ਦੇ ਸਾਹਿਤ ਵਿਚ ਨਾਮ ਜਪਣ ਦੀ ਕੋਈ ਗਲ ਹੀ ਨਹੀਂ ਸਾਹਮਣੇ ਆਈ। ਹਾਂ ! ਅੰਤਰ ਧਿਆਨ ਹੋਣ (Meditation) ਨੂੰ ਸਭ ਤੋਂ ਜ਼ਿਆਦਾ ਜ਼ਰੂਰੀ ਦਸਿਆ ਗਿਆ ਹੈ। ਇਤਨਾ ਵਡਾ ਅੰਤਰ ਹੋਣ ਦੇ ਬਾਵਜੂਦ, ਕੁਝ ਮੁੱਦੇ ਅਜਿਹੇ ਹਨ, ਜਿਨ੍ਹਾਂ ਵਿਚ ਦੋਨੋ ਧਰਮ ਹੈਰਾਨੀ ਜਨਕ ਸਮਾਨਤਾ ਰਖਦੇ ਹਨ।

'**ਸਿਖ**' ਸ਼ਬਦ, ਆਮ ਤੌਰ ਤੇ, ਸੰਸਕ੍ਰਿਤ ਦੇ '**ਸ਼ਿਸ਼ਯ**' ਤੋਂ ਨਿਕਲਿਆ ਮੰਨਿਆ ਜਾਂਦਾ ਹੈ। ਇਹ ਸਿਰਫ਼ ਹਿੰਦ ਸਭਿਅਤਾ ਦੇ ਨਾਲ ਰਹਿਣ ਦਾ ਸਿੱਟਾ ਜਾਪਦਾ ਹੈ। ਹੋਰ ਵੀ ਕਈ ਸ਼ਬਦਾਂ ਨੂੰ, ਧਕੇ ਨਾਲ ਹੀ ਸੰਸਕ੍ਰਿਤ ਨਾਲ ਜੋੜ ਦਿਤਾ ਜਾਂਦਾ ਹੈ। ਜੇ ਅਸੀਂ ਬੁਧ ਸਾਹਿਤ ਨੂੰ ਗਹੁ ਨਾਲ ਵਾਚੀਏ, ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ '**ਸਿਖ**' ਸ਼ਬਦ ਹੂ-ਬ-ਹੂ, ਇਸੇ ਤਰ੍ਹਾਂ ਹੀ ਧਮਪਦ ਵਿਚ ਪਿਆ ਹੈ ਅਤੇ ਇਸ ਦੇ ਅਰਥ, ਜੋ ਸਿਖ ਸਾਹਿਤ ਵਿਚ ਹਨ, ਉਹ ਵੀ ਬੌਧ ਗ੍ਰੰਥ, ਧਮਪਦ ਦੇ '**ਸਿਖ**' ਸ਼ਬਦ ਦੇ ਕਿਤੇ ਜ਼ਿਆਦਾ ਨੇੜੇ ਹਨ। ਧੱਮਪਦ, IV:1-2 ਦੇ ਅਨੁਸਾਰ :

**ਕੋ ਇਮਮ ਪੱਥਵਿਮ ਵਿਜਸਤੀ ਯਮਲੋਕਮ ਚ ਇਮਮ ਸਦੇਵਕਮ।।**

**ਕੋ ਧੱਮਪਦਮ ਸੁਦੇਸਿਤਮ ਕੁਸ਼ਲੋ ਪੁਫਮ ਇਦਾ ਪਚੱਸਤੀ।।੪੪।।**

**ਸਿਖੋ ਪਥਿਵਮ ਵਿਜਸਤੀ ਯਮਲੋਕਮ ਚ ਇਮਮ ਸਦੇਵਕਮ।।**

**ਸਿਖੋ ਧੱਮਪਦਮ ਸੁਦੇਸਿਤਮ ਕੁਸ਼ਲੋ ਪੁਫਮ ਇਵਾ ਪਚੱਸਤੀ।।੪੫।।**

ਅਰਥਾਤ :

ਉਹ ਕੌਣ ਹੈ ਜੋ ਇਸ ਜੀਵਨ ਦੌੜ, ਜੋ ਬੁਰਿਆਈ ਅਤੇ ਦੁਖ ਨਾਲ ਘਿਰਿਆ ਹੈ ਦਾ ਵਿਦੰਤਾ (ਜੇਤੂ) ਹੈ।

ਉਹ ਕੌਣ ਹੈ ਜੋ ਜੀਵਨ ਤਤਵ ਨੂੰ ਪ੍ਰਾਪਤ ਕਰਨ ਵਾਲਾ ਅਤੇ ਪਰਮ-ਪਦ ਰੂਪੀ ਪੁਸ਼ਪ ਦਾ ਅਧਿਕਾਰੀ ਹੈ।੪੪।

ਸਿਖ ਹੀ ਜੀਵਨ ਦੌੜ, ਜੋ ਬੁਰਿਆਈ ਅਤੇ ਦੁਖ ਨਾਲ ਘਿਰਿਆ ਹੈ ਦਾ ਵਿਦੰਤਾ (ਜੇਤੂ) ਹੈ।

ਸਿਖ ਹੀ ਹੈ ਜੋ ਜੀਵਨ ਤਤਵ ਨੂੰ ਪ੍ਰਾਪਤ ਕਰਨ ਵਾਲਾ ਅਤੇ ਪਰਮ-ਪਦ ਰੂਪੀ ਪੁਸ਼ਪ ਦਾ ਅਧਿਕਾਰੀ ਹੈ।੪੪।

ਗੁਰਬਾਣੀ ਵਿਚ, ਧੱਮਪਦ ਦੇ ਇਨ੍ਹਾਂ ਸੁਆਲਾਂ ਦੇ ਜੁਆਬ ਵਿਚ, ਸ੍ਰੀ ਗੁਰੂ ਅਰਜਨ ਸਾਹਿਬ ਦੀ ਪੰਕਤੀ ਹੈ, ਜਿਸ ਦਾ ਭਾਵ ਹੈ ਕਿ ਬ੍ਰਹਮਗਿਆਨੀ ਹੀ ਇਸ ਵਿਕਾਰਾਂ ਅਤੇ ਸੰਸਿਆਂ ਭਰੇ ਭਵਸਾਗਰ ਨੂੰ ਪਾਰ ਕਰਦਾ ਹੈ - 'ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮਗਿਆਨੀ।।'

ਸੋ ਇਥੇ ਬੁਧ ਧਰਮ ਦਾ ਸਿਖ ਗੁਰਬਾਣੀ ਦੇ ਬ੍ਰਹਮਗਿਆਨੀ ਦੇ ਬਰਾਬਰ ਬੈਠਦਾ ਹੈ। ਵੈਸੇ ਵੀ ਬੁੱਧ ਧਰਮ ਦੀ **ਪਾਲੀ** ਭਾਸ਼ਾ ਅਤੇ **ਪੰਜਾਬੀ** ਭਾਸ਼ਾ ਵਿਚ ਕਾਫ਼ੀ ਨੇੜਤਾ ਵੇਖਣ ਨੂੰ ਮਿਲਦੀ ਹੈ। ਦੋਵੇਂ ਬਹੁਤ ਜ਼ਰਖ਼ੇਜ਼ ਭਾਸ਼ਾਵਾਂ ਹਨ। ਸਪੱਸ਼ਟ ਹੋ ਰਿਹਾ ਹੈ ਕਿ ਗੁਰੂ ਸਾਹਿਬਾਨ ਦਾ ਸਿਖ, ਅਸਲ ਰੂਪ ਵਿਚ ਬ੍ਰਹਮਗਿਆਨੀ ਹੀ ਹੈ। ਗੁਰਬਾਣੀ ਵਿਚ ਵੀ ਆਇਆ ਸਿਖ, ਇਸੇ ਪਾਸੇ ਹੀ ਇਸ਼ਾਰਾ ਕਰਦਾ ਹੈ। ਇਹ ਸ਼ਿਸ਼ ਹੋਣ ਤੋਂ ਬ੍ਰਹਮਗਿਆਨੀ ਤਕ ਦਾ ਸਫ਼ਰ ਹੈ। ਸਿਖ, ਆਪਣੇ ਸੰਪੂਰਨ ਸਰੂਪ ਵਿਚ ਬ੍ਰਹਮਗਿਆਨੀ ਹੈ। ਪੰਜਾਬੀ ਉਤੇ, ਹਿੰਦੀ ਦੇ ਰਾਜ ਕਰ ਕੇ, ਹਿੰਦੀ ਦੀ ਕਾਫ਼ੀ ਪਰਤ ਚੜ੍ਹ ਚੁਕੀ ਹੈ।

ਬੁਧ ਧਰਮ ਦੀ ਵੀਚਾਰਧਾਰਾ, ਦੁਖ ਦੇ ਆਲੇ ਦੁਆਲੇ ਘੁੰਮਦੀ ਹੈ। ਸਭ ਤੋਂ ਵਡਾ ਦੁਖ ਛਿੰਨਭੰਗਰਤਾ ਹੈ। ਮਹਾਤਮਾ ਬੁਧ ਅਨੁਸਾਰ, ਦੁਨੀਆਂ ਦੀ ਹਰ ਵਸਤੂ ਛਿੰਨਭੰਗਰ ਹੈ। ਜੋ ਕੁਝ ਦਿਸਦਾ ਹੈ ਉਹ ਸਭ ਇਕ ਦਿਨ ਖ਼ਤਮ ਹੋਣਾ ਹੈ।

ਗੁਰਬਾਣੀ ਦਾ ਵੀ ਅਜਿਹਾ ਹੀ ਫ਼ੁਰਮਾਣ ਹੈ - 'ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ।।' ਅਤੇ - 'ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ।।'

ਬੁਧ ਧਰਮ ਅਨੁਸਾਰ, ਇਹ ਛਿੰਨਭੰਗਰ ਵਸਤਾਂ ਸੁਖ ਨਹੀਂ ਪੁਚਾ

ਸਕਦੀਆਂ, ਸਗੋਂ ਦੁਖ ਦਾ ਕਾਰਣ ਬਣਦੀਆਂ ਹਨ। ਸੰਸਾਰ ਦਾ ਕੋਈ ਵੀ ਸੁਖ ਸਥਾਈ ਨਹੀਂ ਹੈ। ਇਸ ਲਈ ਉਹ ਅਸਲ ਵਿਚ ਦੁਖ ਹੀ ਹੈ। ਇਸ ਕਰਕੇ ਜਿਤਨੀਆਂ ਵਸਤੂਆਂ ਪਿਆਰੀਆਂ ਉਤਨਾ ਦੁਖ ਵਧ। ਠੀਕ ਇਸੇ ਤਰ੍ਹਾਂ ਗੁਰਮਤਿ ਅਨੁਸਾਰ - 'ਜੇਤਾ ਮੋਹੁ ਪਰੀਤਿ ਸੁਆਦ।। ਸਭਾ ਕਾਲਖ ਦਾਗਾ ਦਾਗ।।'

ਜਦੋਂ ਅਸਥਾਈ ਵਸਤਾਂ ਨਾਲ ਵਿਛੋੜਾ ਹੁੰਦਾ ਹੈ, ਦੁਖ ਪੈਦਾ ਹੁੰਦਾ ਹੈ। ਸੋ ਦੁਖਾਂ ਦਾ ਅਸਲ ਕਾਰਨ, ਵਸਤਾਂ ਨਹੀਂ, ਸਗੋਂ ਵਸਤਾਂ ਨਾਲ ਮੋਹ ਹੈ। ਇਹ ਹੀ ਜਨਮ ਮਰਣ ਦੇ ਗੇੜ ਵਿਚ ਪਾਉਂਦਾ ਹੈ। ਇਹੀ ਗੁਰਮਤਿ ਦਾ ਵੀ ਸਿਧਾਂਤ ਹੈ - 'ਏਤੁ ਮੁਹਿ ਫਿਰਿ ਜੂਨੀ ਪਾਹਿ।। ਮੋਹੇ ਲਾਗਾ ਜਮ ਪੁਰਿ ਜਾਹਿ।।'

ਬੁਧ ਮਤ ਅਨੁਸਾਰ, ਕਾਮ, ਦੁਖ ਦਾ ਵਡਾ ਕਾਰਨ ਹੈ। ਜੋ ਕਾਮ ਦੀ ਇਛਾ ਕਰਦਾ ਹੈ, ਉਹ ਦੁਖ ਨੂੰ ਬੁਲਾਵਾ ਦਿੰਦਾ ਹੈ। ਕਾਮ, ਜੀਵ ਨੂੰ, ਸੰਸਾਰ ਦੇ ਚਕਰ, ਭਾਵ, ਜਨਮ ਮਰਨ ਦੇ ਗੇੜ ਨਾਲ ਜੋੜਦਾ ਹੈ। ਕਾਮ ਨਾਲ ਮਲਕੀਅਤ ਦੀ ਭਾਵਨਾ ਜਨਮ ਲੈਂਦੀ ਹੈ। ਸਿਖ ਮਤ ਵਿਚ ਇਹ ਭਾਵਨਾ ਹਉਮੈ ਨਾਲ ਜੁੜੀ ਹੋਈ ਹੈ। ਮਹਾਤਮਾ ਬੁਧ ਅਨੁਸਾਰ, ਕਾਮ ਵਿਚ ਭਾਵੇਂ ਤ੍ਰਿਪਤੀ ਮਿਲੇ ਜਾਂ ਨਾ, ਇਹ ਦੁਖ ਦਾ ਹੀ ਕਾਰਨ ਬਣਦਾ ਹੈ। ਜੇ ਤ੍ਰਿਪਤੀ ਨਾ ਮਿਲੇ ਤਾਂ, ਮਨੁਖ ਉਸ ਬਾਲਕ ਵਾਂਙ ਰੋਂਦਾ ਚੀਕਾਂ ਮਾਰਦਾ ਹੈ, ਜੋ ਚੰਨ ਦੀ ਸੁੰਦਰਤਾ ਨੂੰ ਵੇਖ ਕੇ, ਉਸ ਨੂੰ ਪਕੜ ਕੇ ਉਸ ਨਾਲ ਖੇਡਣਾ ਲੋਚਦਾ ਹੈ ਪਰ ਉਸ ਨੂੰ ਪਕੜ ਨਹੀਂ ਸਕਦਾ ਤਾਂ ਚੀਕਾਂ ਮਾਰਦਾ ਹੈ। ਉਸ ਨੂੰ ਦੁਖ ਪੁਚਾਂਣ ਵਾਲਾ ਚੰਨ ਨਹੀਂ, ਸਗੋਂ ਉਸ ਨੂੰ ਪ੍ਰਾਪਤ ਕਰਨ ਦੀ ਹਵਸ ਹੈ। ਦੂਜੇ ਪਾਸੇ, ਜੇ ਕਾਮ ਵਿਚ ਤ੍ਰਿਪਤੀ ਮਿਲੇ ਤਾਂ ਇਹ ਛਿੰਨ ਭੰਗਰ ਹੁੰਦੀ ਹੈ ਅਤੇ ਮਨੁਖ ਹੋਰ ਲਈ ਲੋਚਦਾ ਹੈ ਅਤੇ ਇਹ ਹੋਰ ਹੋਰ ਦੀ ਲੋੜ ਦੁਖਦਾਈ ਬਣ ਜਾਂਦੀ ਹੈ।

ਠੀਕ ਇਸੇ ਤਰ੍ਹਾਂ ਗੁਰਮਤਿ ਦਾ ਵਿਚਾਰ ਹੈ ਕਿ ਵਿਸ਼ੇ ਵਿਕਾਰ, ਹੋਰ ਹੋਰ ਭੋਗਣ ਨਾਲ ਤ੍ਰਿਪਤੀ ਨਹੀਂ ਮਿਲਦੀ ਸਗੋਂ ਲਾਲਸਾ ਹੋਰ ਵਧਦੀ ਜਾਂਦੀ ਹੈ, ਜਿਵੇਂ ਅੱਗ ਵਿਚ ਈਂਧਨ ਪਾਉਣ ਨਾਲ ਅੱਗ ਬੁਝਦੀ ਨਹੀਂ ਸਗੋਂ ਹੋਰ ਭੜਕਦੀ ਹੈ, ਪ੍ਰਭੂ ਦਾ ਨਾਮ ਜਪਣ ਤੋਂ ਬਿਨਾਂ ਤ੍ਰਿਸ਼ਨਾ ਨਹੀਂ ਬੁਝਦੀ - 'ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ।। ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ।।' ਸਿਖ ਧਰਮ ਵਿਚ ਕਾਮ ਨੂੰ ਜਨਮ ਮਰਨ ਦੇ ਗੇੜ ਵਿਚ ਪੈਣ

ਦਾ ਕਾਰਨ ਮੰਨਿਆ ਗਿਆ ਹੈ, ਅਜਿਹੇ ਮਨੁਖ ਨੂੰ ਵੇਸਵਾ ਜੋਨਿ ਪ੍ਰਾਪਤ ਹੁੰਦੀ ਹੈ - 'ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ।। ਬੇਸਵਾ ਜੋਨਿ ਵਲਿ ਵਲਿ ਅਉਤਰੈ।।....' ਇਹੀ ਕਾਮ, ਮਨੁਖ ਨੂੰ ਨਰਕ ਵੀ ਲੈ ਜਾਂਦਾ ਹੈ ਅਤੇ ਵਖ ਵਖ ਜੂਨਾਂ ਵਲ ਵੀ ਲੈ ਜਾਂਦਾ ਹੈ - 'ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ।।' ਸਿਰਫ਼ ਇਤਨਾ ਹੀ ਨਹੀਂ, ਇਹ ਕਾਮ ਦਾ ਬੇ-ਲੋੜਾ ਇਸਤੇਮਾਲ, ਮਨੁਖ ਦੀ ਸਰੀਰਕ ਸਿਹਤ ਤੇ ਵੀ ਬੁਰਾ ਪ੍ਰਭਾਵ ਪਾਉਂਦਾ ਹੈ, ਜਿਵੇਂ ਸੋਹਾਗੇ ਵਿਚ ਪੈ ਕੇ ਸੋਨਾ ਢਲ ਜਾਂਦਾ ਹੈ - 'ਕਾਮ ਕ੍ਰੋਧੁ ਕਾਇਆ ਕਉ ਗਾਲੈ।। ਜਿਉ ਕੰਚਨ ਸੋਹਾਗਾ ਢਾਲੈ।।'

ਦੁਖਾਂ ਵਿਚੋਂ ਸਭ ਤੋਂ ਵਡਾ ਦੁਖ, ਸਰੀਰ ਧਾਰਣ ਕਰਨਾ ਹੀ ਹੈ। ਧੱਮਪਦ ਅਨੁਸਾਰ ਇਸ ਤੋਂ ਛੁਟਕਾਰਾ ਪਾਉਣਾ ਹੀ ਸੁਖ ਦੀ ਪ੍ਰਾਪਤੀ ਹੈ। ਇਸ ਸੁਖ ਨੂੰ ਨਿਬਾਨ ਕਿਹਾ ਹੈ :

**ਜਿਘਚਛਾ ਪਰਮਾ ਰੋਗਾ ਸੇਖਾਰਾ ਪਰਮਾ ਦੁਖਾ।। ਏਤੰ ਞਤਵਾ ਯਥਾਭੂਤੰ ਨਿਬਾਨੰ ਪਰਮ ਸੁਖੰ।।੨੦੩।।**

ਪੁਨਰ-ਜਨਮ ਦੇ ਸਿਧਾਂਤ ਵਿਚ ਵੀ ਦੋਨੋ ਮਤ, ਕਾਫ਼ੀ ਮੇਲ ਖਾਂਦੇ ਹਨ। ਦੋਨਾਂ ਅਨੁਸਾਰ, ਅਮੁਕਤ ਵਿਅਕਤੀ ਨੂੰ ਵਾਰ ਵਾਰ ਜਨਮ ਲੈਣਾ ਪੈਂਦਾ ਹੈ ਅਤੇ ਜ਼ਰੂਰੀ ਨਹੀਂ ਕਿ ਇਹ ਜਨਮ, ਮਨੁਖਾ ਰੂਪ ਵਿਚ ਹੀ ਹੋਵੇ। ਬੁਧ ਮੱਤ ਅਨੁਸਾਰ, ਮਨੁਖ, ਜੀਵਾਂ ਦੇ ਪੰਜ ਖੇਤਰਾਂ ਵਿਚੋਂ, ਕਿਸੇ ਵਿਚ ਵੀ ਜਾ ਸਕਦਾ ਹੈ : ਦੇਵਤਿਆਂ ਦਾ ਖੇਤਰ, ਮਨੁਖ ਦਾ ਸੰਸਾਰ, ਆਤਮਾਵਾਂ ਦਾ ਖੇਤਰ, ਪਸ਼ੂਆਂ ਦਾ ਖੇਤਰ ਅਤੇ ਨਰਕ। ਕਈ ਲਿਖਤਾਂ ਵਿਚ, ਛੇਵਾਂ ਖੇਤਰ, ਅਸੁਰਾਂ ਦਾ ਵੀ ਮੰਨਿਆ ਗਿਆ ਹੈ। ਇਨ੍ਹਾਂ ਸਾਰਿਆਂ ਦਾ ਜ਼ਿਕਰ, ਗੁਰਮਤਿ ਵਿਚ, ਕਿਧਰੇ ਨਾ ਕਿਧਰੇ ਮਿਲ ਜਾਂਦਾ ਹੈ। ਗੁਰਬਾਣੀ ਵਿਚ ਚੁਰਾਸੀ ਲਖ ਜੂਨਾਂ ਦਾ ਗਮਨ ਮੰਨਿਆ ਗਿਆ ਹੈ। ਅਮੁਕਤ ਪ੍ਰਾਣੀ ਨੂੰ, ਚੁਰਾਸੀ ਲਖ ਜੂਨਾਂ ਦੇ ਗੇੜੇ ਵਿਚ ਭਟਕਣਾਂ ਪੈਂਦਾ ਹੈ। ਦੋਨਾਂ ਧਰਮਾਂ ਅਨੁਸਾਰ, ਮਨੁਖਾ ਜਨਮ, ਬਹੁਤ ਔਖਾ ਮਿਲਦਾ ਹੈ। ਬੁਧ ਮਤ ਦੇ ਅਨੁਸਾਰ, ਮਨੁਖਾ ਜਨਮ ਹੀ, ਨਿਬਾਨ ਪਦ ਦੇ ਅਨੁਕੂਲ ਹੈ। ਨਰਕ ਦੇ ਜੀਵ, ਪਸ਼ੂ, ਆਤਮਾਵਾਂ ਅਤੇ ਅਸੁਰ, ਮੁਕਤੀ ਦਾ ਅਰਥ ਨਹੀਂ ਸਮਝਦੇ। ਦੇਵਤੇ, ਆਪਣੀਆਂ ਰੰਗ ਰਲੀਆਂ ਵਿਚ ਇਤਨੇ ਮਸਤ ਅਤੇ ਹੰਕਾਰ ਨਾਲ ਇਤਨੇ ਭਰੇ ਹੋਏ ਹਨ ਕਿ ਮੁਕਤੀ ਦੀ ਲੋੜ ਹੀ ਨਹੀਂ ਸਮਝਦੇ। ਸਿਰਫ਼

ਮਨੁਖ ਹੀ ਇਸਦੀ ਲੋੜ ਸਮਝ ਸਕਦਾ ਹੈ। ਮਨੁਖ ਹੀ ਬੁਧ ਦੀਆਂ ਸਿਖਿਆਵਾਂ ਦਾ ਧਾਰਣੀ ਹੋ ਸਕਦਾ ਹੈ। ਇਸੇ ਕਰਕੇ ਮਨੁਖਾ ਜੀਵਨ ਨੂੰ ਤਰਜੀਹ ਦਿਤੀ ਗਈ ਹੈ। ਸਿਖ ਮਤ ਅਨੁਸਾਰ ਵੀ ਮਨੁਖਾ ਜਨਮ ਸ਼੍ਰੋਮਣੀ ਹੈ। ਸਭ ਤੋਂ ਜ਼ਿਆਦਾ ਸਮਝਦਾਰ ਹੋਣ ਕਰਕੇ, ਬਾਕੀ ਜੀਵਾਂ ਤੇ ਰਾਜ ਕਰਦਾ ਹੈ - 'ਅਵਰ ਜੋਨਿ ਤੇਰੀ ਪਨਿਹਾਰੀ।। ਇਸੁ ਧਰਤੀ ਮਹਿ ਤੇਰੀ ਸਿਕਦਾਰੀ।।'

ਦੂਜੇ, ਪਰਮਾਤਮਾ ਦੀ ਨੇੜਤਾ ਹਾਸਲ ਕਰਨ ਲਈ, ਮਨੁਖਾ ਜਨਮ ਸਭ ਤੋਂ ਜ਼ਿਆਦਾ ਅਨੁਕੂਲ ਹੈ। ਅਨੇਕਾਂ ਥਾਵਾਂ ਤੇ ਇਸ ਦੇ ਸੰਕੇਤ ਮਿਲਦੇ ਹਨ। ਇਸੇ ਕਰਕੇ ਦੇਵਤੇ ਵੀ ਮਨੁਖਾ ਸਰੀਰ ਲੋਚਦੇ ਹਨ। ਪਰ ਇਹ ਜਨਮ ਤਾਂ, ਗੁਰੂ ਦੀ ਕਿਰਪਾ ਨਾਲ, ਕੀਤੀ ਹੋਈ ਭਗਤੀ ਕਮਾਈ ਸਦਕਾ ਹੀ ਪ੍ਰਾਪਤ ਹੁੰਦਾ ਹੈ - 'ਗੁਰ ਸੇਵਾ ਤੇ ਭਗਤਿ ਕਮਾਈ।। ਤਬ ਇਹ ਮਾਨਸ ਦੇਹੀ ਪਾਈ।। ਇਸ ਦੇਹੀ ਕਉ ਸਿਮਰਹਿ ਦੇਵ।। ਸੋ ਦੇਹੀ ਭਜੁ ਹਰਿ ਕੀ ਸੇਵ।।'

ਬੁਧ ਧਰਮ ਅਨੁਸਾਰ ਮੌਤ ਤੋਂ ਬਾਅਦ ਦੂਜਾ ਜਨਮ ਹਾਸਲ ਕਰਨਾ ਇਤਫ਼ਾਕੀਆ ਨਹੀਂ ਹੈ। ਇਸ ਪਿਛੇ ਕੋਈ ਨਿਯਮ ਕੰਮ ਕਰ ਰਿਹਾ ਹੈ। ਭਾਰਤੀ ਦਰਸ਼ਨ ਵਿਚ, ਇਸ ਨੂੰ ਕਰਮ ਸਿਧਾਂਤ ਕਿਹਾ ਗਿਆ ਹੈ। ਬੁਧ ਧਰਮ ਅਨੁਸਾਰ ਦੋ ਤਰ੍ਹਾਂ ਦੇ ਕਰਮ ਹਨ। ਉਥੇ , ਲਫਜ਼ '**ਕੰਮ**' ਵਰਤਿਆ ਗਿਆ ਹੈ। ਦੋ ਤਰ੍ਹਾਂ ਦੇ **ਕੰਮ** ਹਨ - **ਕੁਸ਼ਲ** ਅਤੇ **ਅਕੁਸ਼ਲ**। ਉਨ੍ਹਾਂ ਦੇ ਗ੍ਰੰਥ, **ਸਮਯੁਤ ਨਿਕਾਯ** ਅਨੁਸਾਰ, ਸਾਡਾ ਹੁਣ ਦਾ ਜਨਮ, ਪਿਛਲੇ ਜਨਮਾਂ ਵਿਚ ਕੀਤੇ **ਕੰਮਾਂ** ਦਾ ਸਿੱਟਾ ਹੈ। ਇਸ ਜਨਮ ਵਿਚ **ਕੰਮ** ਕਰ ਕੇ ਅਸੀਂ ਅਗਲਾ ਜਨਮ ਨਿਰਧਾਰਤ ਕਰ ਰਹੇ ਹਾਂ। ਗੁਰਬਾਣੀ ਵਿਚ ਵੀ ਇਹੀ ਸਿਧਾਂਤ ਕੰਮ ਕਰ ਰਿਹਾ ਹੈ। ਅੰਤ ਕਾਲ ਵੇਲੇ ਅਸੀਂ ਜਿਸ ਤਰ੍ਹਾਂ ਦੀ ਸੋਚ, ਮਨਸ਼ਾ ਰਖਦੇ ਹਾਂ, ਉਸੇ ਤਰ੍ਹਾਂ ਦਾ ਜਨਮ ਸਾਨੂੰ ਪ੍ਰਾਪਤ ਹੋ ਜਾਂਦਾ ਹੈ - 'ਅੰਤਿ ਕਾਲਿ ਜੋ ਲਛਮੀ ਸਿਮਰੈ  ਐਸੀ ਚਿੰਤਾ ਮਹਿ ਜੇ ਮਰੈ।। ਸਰਪ ਜੋਨਿ ਵਲਿ ਵਲਿ ਅਉਤਰੈ।।...' ਇਸ ਪੂਰੇ ਸ਼ਬਦ ਵਿਚ ਪੰਜ ਮਿਸਾਲਾਂ ਦੇ ਕੇ, ਨਵੇਂ ਜਨਮ ਦੀ ਦਿਸ਼ਾ ਨਿਰਧਾਰਤ ਹੋਣ ਬਾਰੇ ਸੰਕੇਤ ਦਿਤੇ ਗਏ ਹਨ।

ਇਕ ਹੋਰ ਨੁਕਤਾ, ਬਹੁਤ ਧਿਆਨ ਦੇਣ ਜੋਗ ਹੈ ਕਿ ਦੋਵੇਂ ਧਰਮ, ਚੰਗੇ ਤੋਂ ਚੰਗੇ ਕੀਤੇ **ਕੰਮਾਂ** ਨੂੰ ਮੁਕਤੀ ਦਾ ਫ਼ਲ ਦੇਣ ਵਾਲਾ ਨਹੀਂ ਮੰਨਦੇ। ਬੁਧ ਧਰਮ ਅਨੁਸਾਰ '**ਕੰਮ**' ਸੀਮਤ ਹੁੰਦੇ ਹਨ, ਇਸ ਲਈ ਸੀਮਤਤਾ ਤੋਂ ਅਗੇ ਦਾ ਫ਼ਲ ਨਹੀਂ ਦੇ ਸਕਦੇ। ਹਾਂ, ਚੰਗਾ ਕੰਮ ਚੰਗਾ ਜਨਮ ਦੇ ਸਕਦਾ ਹੈ ਅਤੇ ਮਾੜਾ

ਕੰਮ ਮਾੜਾ ਜਨਮ। ਪਰ ਚੰਗੇ ਤੋਂ ਚੰਗਾ ਕੰਮ ਮੁਕਤੀ ਨਹੀਂ ਦੇ ਸਕਦਾ। ਚੰਗੇ ਤੋਂ ਚੰਗਾ ਜਨਮ ਵੀ ਤਾਂ, ਅਜੇ ਮੁਕਤੀ ਨਹੀਂ, ਜਨਮ ਮਰਨ ਦੇ ਗੇੜ ਵਿਚ ਹੀ ਹੈ। ਮੁਕਤੀ ਪ੍ਰਾਪਤੀ ਲਈ **ਅਸ਼ਟਾਂਗ ਮਾਰਗ** ਦਸਿਆ ਗਿਆ ਹੈ।

ਸਿਖ ਧਰਮ ਅਨੁਸਾਰ '**ਕੰਮ**' ਨਹੀਂ ਸਗੋਂ ਪ੍ਰਭੂ ਦਾ ਸਿਮਰਨ ਅਤੇ ਸਾਧੂ ਦੀ ਸੰਗਤਿ ਹੀ ਮੁਕਤੀ ਪ੍ਰਦਾਨ ਕਰ ਸਕਦੇ ਹਨ। ਸ੍ਰੀ ਗੁਰੂ ਅਮਰਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਕੀਤੇ ਕਰਮਾਂ ਨਾਲ ਸਹਿਜ ਦੀ ਪ੍ਰਾਪਤੀ ਨਹੀਂ ਹੁੰਦੀ - 'ਕਰਮੀ ਸਹਜੁ ਨ ਊਪਜੈ...' ਨਾਲ ਹੀ ਸਹਿਜ ਪ੍ਰਾਪਤੀ ਦਾ ਮਾਰਗ ਵੀ ਦਸਦੇ ਹਨ ਕਿ ਮਨ ਨੂੰ ਗੁਰੂ ਦੇ ਦਿਤੇ ਸ਼ਬਦ (ਗੁਰ ਮੰਤਰ) ਦੇ ਜਾਪ ਨਾਲ ਧੋਣ ਅਤੇ ਉਸ ਨਾਲ ਚਿਤ ਲਾਉਣ ਨਾਲ ਅਤੇ ਫ਼ਿਰ ਗੁਰੂ ਦੀ ਕਿਰਪਾ ਹਾਸਲ ਹੋਣ ਨਾਲ ਇਹ ਪ੍ਰਾਪਤੀ ਹੁੰਦੀ ਹੈ - 'ਮਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ।। ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ।।' ਸ੍ਰੀ ਗੁਰੂ ਅਰਜਨ ਸਾਹਿਬ ਨੇ ਵੀ ਸਪੱਸ਼ਟ ਫ਼ੁਰਮਾਣ ਕੀਤਾ ਹੈ ਕਿ ਕ੍ਰੋੜਾਂ ਕਰਮ ਕਰਨ ਤੇ ਵੀ, ਨਾਮ ਨਾਲ ਪ੍ਰੀਤੀ ਜੋੜਣ ਤੋਂ ਬਿਨਾਂ ਨਰਕ ਹੀ ਜਾਣਾ ਪਏਗਾ - 'ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ।। ਕੋਟਿ ਕਰਮ ਕਰਤੋ ਨਰਕਿ ਜਾਵੈ।।' ਸਾਧੂ ਦੀ ਕਿਰਪਾ ਲਾਜ਼ਮੀ ਹੈ। ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ੁਰਮਾਣ ਹੈ ਕਿ ਜਦੋਂ ਸਾਧੂ ਆਪਣਾ ਹਥ ਸਾਡੇ ਸਿਰ ਤੇ ਰਖਦਾ ਹੈ ਤਾਂ ਹੀ ਅਸੀਂ ਮੁਕਤ ਹੁੰਦੇ ਹਾਂ - 'ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ।।'

ਬੁਧ ਧਰਮ, ਦੇਵਤਿਆਂ ਦੀ ਸਰਬ ਸ਼ਕਤੀ ਮਾਨਤਾ ਅਤੇ ਸਦੀਵੀ ਜੀਵਨ ਤੇ ਬਿਲਕੁਲ ਵਿਸ਼ਵਾਸ ਨਹੀਂ ਰਖਦਾ। ਉਹ ਤਾਂ ਆਪਣੇ ਕੀਤੇ, ਕੁਝ ਚੰਗੇ **ਕੰਮਾਂ** ਕਰਕੇ, ਦੇਵ ਪਦ ਹਾਸਲ ਕਰਦੇ ਹਨ ਅਤੇ ਉਨ੍ਹਾਂ **ਕੰਮਾਂ** ਦਾ ਹਿਸਾਬ ਮੁਕ ਜਾਣ ਤੋਂ ਬਾਅਦ, ਆਪਣੀ ਗਦੀ ਤੋਂ ਵਾਂਝੇ ਹੋ ਜਾਂਦੇ ਹਨ। **ਅਗੰਤ੍ਰਰ ਨਿਕਾਯ** ਵਿਚ ਦਰਜ ਹੈ ਕਿ, ਇਥੋਂ ਤਕ ਕਿ ਬ੍ਰਹਮਾ, ਜਿਸ ਨੂੰ ਸ਼੍ਰੋਮਣੀ ਮੰਨਿਆ ਜਾਂਦਾ ਹੈ, ਉਹ ਵੀ ਜਨਮ ਮਰਨ ਦੇ ਗੇੜ ਤੋਂ ਮੁਕਤ ਨਹੀਂ ਹੈ। ਇਸੇ ਤਰ੍ਹਾਂ ਗੁਰਮਤਿ ਅਨੁਸਾਰ ਵੀ ਦੇਵੀ ਦੇਵਤਿਆਂ ਨੂੰ ਸ਼੍ਰੋਮਣੀ ਨਹੀਂ ਮੰਨਿਆ ਗਿਆ। ਉਹ ਵੀ ਜਨਮ ਮਰਨ ਦੇ ਗੇੜ ਵਿਚ ਹਨ ਅਤੇ ਪਰਮਾਤਮਾ ਤਕ, ਉਨ੍ਹਾਂ ਦੀ ਸਿਧੀ ਪਹੁੰਚ ਨਹੀਂ। ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਸ਼ੰਕਰ ਵਾਂਗ, ਬਾਕੀ ਤੇਤੀ ਕਰੋੜ ਦੇਵਤੇ ਵੀ ਪ੍ਰਭੂ ਨੂੰ ਧਿਆਉਂਦੇ ਹਨ ਪਰ ਉਸ ਦਾ ਭੇਦ

ਨਹੀਂ ਜਾਣਦੇ - 'ਸੰਕਰ ਕ੍ਰੋੜਿ ਤੇਤੀਸ ਧਿਆਇਓ ਨਹੀ ਜਾਨਿਓ ਹਰਿ ਮਰਮਾਮ।।' ਇਸੇ ਤਰ੍ਹਾਂ ਬ੍ਰਹਮਾ ਵੀ ਜਨਮ ਮਰਨ ਦੇ ਗੇੜ ਵਿਚ ਦਸਿਆ ਗਿਆ ਹੈ, ਭਾਵੇਂ ਚਾਰੇ ਵੇਦ ਉਸ ਕੋਲ ਹਨ, ਫ਼ਿਰ ਵੀ ਵਿਚਾਰਾ ਨਰਕ ਸੁਰਗ ਦੇ ਗੇੜ ਵਿਚ ਹੀ ਹੈ, ਜਿਵੇਂ ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ - 'ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ।। ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ।।' ਦਸਵੇਂ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਬ੍ਰਹਮਾ, ਸ਼ਿਵ ਅਤੇ ਵਿਸ਼ਣੂ, ਆਪੋ ਆਪਣਾ ਕਾਲ ਨਿਸਚਿਤ ਕਰਵਾ ਕੇ ਹੀ ਜਨਮ ਧਾਰਣ ਕਰਦੇ ਹਨ - 'ਕਾਲ ਪਾਇ ਬ੍ਰਹਮਾ ਬਪੁ ਧਰਾ।। ਕਾਲ ਪਾਇ ਸਿਵਜੂ ਅਵਤਰਾ।। ਕਾਲ ਪਾਇ ਕਰਿ ਬਿਸਨੁ ਪ੍ਰਕਾਸਾ।।'

ਦੋਵੇਂ ਹੀ ਧਰਮ, ਜਾਤ ਪਾਤ ਦੇ ਸਖ਼ਤ ਵਿਰੋਧੀ ਹਨ। ਧੱਮਪਦ ਅਨੁਸਾਰ, ਕੋਈ ਵੀ ਜਨਮ ਤੋਂ ਜਾਂ ਭੇਖ ਧਾਰਣ ਕਰਣ ਨਾਲ ਬ੍ਰਾਹਮਣ ਨਹੀਂ ਹੋ ਸਕਦਾ। ਅਸਲੀ ਬ੍ਰਾਹਮਣ ਤਾਂ ਉਹ ਹੈ, ਜਿਸ ਦੇ ਅੰਦਰ ਸਚਾਈ ਅਤੇ ਧਰਮ ਹੈ, ਉਹੀ ਪਵਿਤਰ ਹੈ, ਉਹੀ ਬ੍ਰਾਹਮਣ ਹੈ :

**ਨਾ ਜਣਾਹਿ ਨ ਗੋਤੇਨ ਨ ਜਚਾ ਹੋਤਿ ਬ੍ਰਾਹਮਣੋ।।**

**ਯੰਹਿ ਸਚੰ ਚ ਧਮੋ ਚ ਸੋ ਸੁਚੀ ਸੋ ਸੁਚੀ ਸੋ ਚ ਬ੍ਰਾਹਮਣੋ।।**

ਠੀਕ ਇਸੇ ਤਰ੍ਹਾਂ ਸਿਖ ਧਰਮ ਵਿਚ ਵੀ ਬ੍ਰਾਹਮਣ ਦੀ ਪਰਿਭਾਸ਼ਾ ਦਿਤੀ ਗਈ ਹੈ ਕਿ ਜੋ ਪ੍ਰਭੂ ਨੂੰ ਜਾਣਦਾ ਹੈ ਉਹੀ ਬ੍ਰਾਹਮਣ ਹੈ। ਜਿਸਨੇ, ਜਪ ਤਪ ਸੰਜਮ ਸੀਲ, ਸੰਤੋਖ ਆਦਿ ਨਾਲ ਬੰਧਨ ਤੋੜ ਲਏ ਹਨ ਅਤੇ ਮੁਕਤ ਪਦਾਰਥ ਹਾਸਲ ਕਰ ਚੁਕਿਆ ਹੈ, ਉਹੀ ਬ੍ਰਾਹਮਣ ਪੂਜਣ ਜੋਗ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦੇ ਵਾਕ ਹਨ - 'ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ।। ਜਪੁ ਤਪੁ ਸੰਜਮੁ ਕਮਾਵੈ ਕਰਮੁ।। ਸੀਲ ਸੰਤੋਖ ਕਾ ਰਖੈ ਧਰਮੁ।। ਬੰਧਨ ਤੋੜੈ ਹੋਵੈ ਮੁਕਤੁ।। ਸੋਈ ਬ੍ਰਹਮਣੁ ਪੂਜਣ ਜੁਗਤੁ।।' ਦੋਨਾਂ ਧਰਮਾਂ ਨੇ ਇਸੇ ਤਰ੍ਹਾਂ ਬਾਕੀ ਜਾਤਾਂ ਦੇ ਵੀ ਲਛਣ ਦਸੇ ਹਨ।

ਇਕ ਤਥ, ਹੋਰ ਸਾਹਮਣੇ ਆਇਆ ਹੈ ਕਿ ਅਜ ਵੀ ਬੁਧ ਧਰਮ ਦੇ ਕਈ ਅਨੁਯਾਯੀ, ਆਪਣੇ ਗਲੇ ਵਿਚ **ਕੰਘੇ** ਅਤੇ **ਕ੍ਰਿਪਾਨ** ਦੇ ਛੋਟੇ ਜਿਹੇ ਲਘੂ miniature ਰੂਪ, ਲਟਕਾਉਂਦੇ ਹਨ, ਜਿਨ੍ਹਾਂ ਦਾ ਵਡਾ ਸਰੂਪ ਖ਼ਾਲਸੇ ਦੇ ਪੰਜ ਕਕਾਰਾਂ ਵਿਚੋਂ ਦੋ ਹਨ। ਇਹ, ਸ਼ਾਇਦ, ਕਿਸੇ ਹੋਰ ਅਣਪਛਾਤੀ ਨੇੜਤਾ ਵਲ

ਇਸ਼ਾਰਾ ਹੈ।

ਇਸ ਅਧਿਐਨ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਬੇਸ਼ਕ, ਬੁਧ ਧਰਮ ਵਿਚ ਪਰਮਾਤਮਾ ਅਤੇ ਆਤਮਾ ਦਾ ਵਿਚਾਰ ਵੇਖਣ ਨੂੰ ਨਹੀਂ ਮਿਲਦਾ, ਜੋ ਗੁਰਮਤਿ ਵਿਚ ਬਹੁਤ ਉਜਾਗਰ ਹੈ, ਇਸ ਦੇ ਬਾਵਜੂਦ ਦੋਨੋ ਧਰਮਾਂ ਵਿਚ ਇਤਨੀ ਸਾਂਝ ਹੈ। ਇਕ ਤੱਥ ਹੋਰ, ਅਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਕਿ ਬੁਧ ਧਰਮ ਤੇ ਹੋਏ ਬੇਸ਼ੁਮਾਰ ਹਮਲਿਆਂ ਦੌਰਾਨ, ਉਸ ਦਾ ਮਣਾਂ-ਮੂਹੀ ਸਾਹਿਤ ਸਾੜ ਕੇ ਸੁਆਹ ਕਰ ਦਿਤਾ ਗਿਆ ਸੀ, ਜਿਸ ਕਰ ਕੇ ਕਈ ਤੱਥ ਸਾਹਮਣੇ ਆਉਣੋਂ ਰਹਿ ਗਏ ਹੋਣਗੇ। ਹੋਰ ਵੀ ਸਾਂਝ ਦੇ ਕਈ ਵਿਸ਼ੇ ਹਨ ਜੋ, ਕੁਝ ਕਾਰਣਾਂ ਕਰਕੇ, ਇਸ ਅਧਿਐਨ ਵਿਚ ਸ਼ਾਮਲ ਨਹੀਂ ਕੀਤੇ ਗਏ। ਫ਼ਿਰ ਵੀ ਦੋਨਾਂ ਧਰਮਾਂ ਵਿਚਲੀ ਸਾਂਝ, ਜੋ ਸਾਹਮਣੇ ਆਈ ਹੈ, ਉਹ ਬੜੀ ਰੋਚਕ ਹੈ।



24.9.2020